3834

2023/09295
16/8/2023

ਜੀ-4
16/8/23

ਵਕਤ ਵੋਟ ਲਈ ਨਿਕਾਲੋ ਜ਼ਿੰਮੇਵਾਰੀ ਕਦੇ ਨਾ ਟਾਲੋ

**ਦਫ਼ਤਰ ਸਬ ਡਵੀਜ਼ਨਲ ਮੈਜਿਸਟਰੇਟ, ਸ਼ਾਹਕੋਟ-ਕਮ-ਚੋਣਕਾਰ ਰਜਿਸਟਰੇਸ਼ਨ ਅਫ਼ਸਰ, ਵਿਧਾਨ ਸਭਾ ਚੋਣ ਹਲਕਾ, 032 ਸ਼ਾਹਕੋਟ**

**Office of Sub Divisional Magistrate , Shahkot -cum-Electoral Registration Officer, AC 032 Shahkot**

**Phone No. 01821-260991, Email- ro.32shahkot2018@gmail.com**

---

ਵੱਲ

ਸ੍ਰੀ ਜਸਵੰਤ ਸਿੰਘ, ਪ੍ਰਿੰਸੀਪਲ,
ਗੌ.ਸ.ਸ.ਸ. ਬਘੇਲਾ।

ਨੰਬਰ 1300 /ਚੋਣ ਮਿਤੀ 16.08.2023

ਵਿਸ਼ਾ:- **ਕਾਰਨ ਦੱਸੋ ਨੋਟਿਸ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਆਪ ਨੂੰ ਇਸ ਦਫ਼ਤਰ ਵਿਚ ਸਥਾਪਤ ਚੋਣ ਸ਼ਾਖਾ ਵਲੋਂ ਵੋਟਾਂ ਸਬੰਧੀ ਚੱਲ ਰਹੇ ਡੋਰ ਟੂ ਡੋਰ ਸਰਵੇ ਸਬੰਧੀ ਬਹੁਤ ਵਾਰ ਫੋਨ ਕੀਤਾ ਗਿਆ, ਪ੍ਰੰਤੂ ਆਪ ਵਲੋਂ ਨਾ ਤਾਂ ਫੋਨ ਅਟੈਂਡ ਕੀਤਾ ਗਿਆ ਅਤੇ ਨਾ ਅੱਜ ਤੱਕ ਕੋਈ ਵਾਪਸੀ ਕਾਲ ਕੀਤੀ ਗਈ। ਜਿਸ ਕਰਕੇ ਆਪ ਨਾਲ ਸਬੰਧਤ ਬੂਥਾਂ ਦੇ ਕੰਮ ਬਾਰੇ ਇਸ ਦਫ਼ਤਰ ਨੂੰ ਕੋਈ ਵੀ ਜਾਣਕਾਰੀ ਨਹੀਂ ਮਿਲ ਰਹੀ। ਇਸ ਆਪ ਵਜ੍ਹਾ ਬਿਆਨ ਕਰੋ ਕਿ ਆਪ ਵਲੋਂ ਇਸ ਦਫ਼ਤਰ ਤੋਂ ਕੀਤਾ ਗਿਆ ਫੋਨ ਕਿਉਂ ਨਹੀਂ ਅਟੈਂਡ ਕੀਤਾ ਗਿਆ ਅਤੇ ਅੱਜ ਤੱਕ ਕੀਤੇ ਡੋਰ ਟੂ ਡੋਰ ਸਰਵੇ ਦੀ ਬੂਥ ਵਾਇਜ਼ ਰਿਪੋਰਟ ਵੀ ਇਸ ਦਫ਼ਤਰ ਨੂੰ ਮਿਤੀ 17.08.2023 ਨੂੰ 10:30 ਵਜੇ ਤੱਕ ਭੇਜਣੀ ਯਕੀਨੀ ਬਣਾਈ ਜਾਵੇ।

[signature]

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
ਵਿਧਾਨ ਸਭਾ ਚੋਣ ਹਲਕਾ 032 ਸ਼ਾਹਕੋਟ।

ਪਿੰ.ਅੰ.ਨੰ. 1301 /ਚੋਣ ਮਿਤੀ 16.08.2023

ਉਕਤ ਦਾ ਇੱਕ ਉਤਾਰਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੀ.ਸੈ.), ਜਲੰਧਰ ਨੂੰ ਸੂਚਨਾ ਹਿੱਤ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ, ਜਲੰਧਰ
ਪਿਠ ਅੰਕਣ ਨੰ. ਜੀ-4/2023/23173
ਮਿਤੀ ਜਲੰਧਰ 16/8/23

[signature]

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
ਵਿਧਾਨ ਸਭਾ ਚੋਣ ਹਲਕਾ 032 ਸ਼ਾਹਕੋਟ।

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ ਸਸਸਸ ਬਘੇਲਾ ਨੂੰ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

[signature]
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਜਲੰਧਰ

[signature] 16/8/23